# ਪਬਲਿਕ ਨੋਟਿਸ

ਵਿਸ਼ਾ:- **ਪੈਰਾ ਮੈਡੀਕਲ ਸਟਾਫ ਅਤੇ ਸਟਾਂਫ ਨਰਸਾਂ ਦੀ ਅਸਾਮੀ ਲਈ ਮਿਤੀ 09-02-2022 ਤੋਂ ਮਿਤੀ 23-02-2022 ਤੱਕ ਗੈਰ ਹਾਜਰ ਰਹੇ ਬਿਨੈਕਾਰਾਂ ਨੂੰ ਦਸਤਾਵੇਜਾਂ ਦੀ ਪੜਤਾਲ ਲਈ ਹਾਜਰ ਹੋਣ ਸਬੰਧੀ ਇਕ ਮੌਕਾ ਦੇਣ ਬਾਰੇ।**

------

ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ, ਫਰੀਦਕੋਟ ਵਲੋਂ ਮਹੀਨਾ ਨੰਵਬਰ 2021 ਦੌਰਾਨ ਸਟਾਫ ਨਰਸਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਦਾ ਵਿਗਿਆਪਨ ਜਾਰੀ ਕਰਕੇ ਮਹੀਨਾ ਦਸਬੰਰ 2021 ਦੌਰਾਨ ਲਿਖਤੀ ਪ੍ਰੀਖਿਆ ਲਈ ਗਈ ਸੀ। ਲਿਖਤੀ ਪ੍ਰੀਖਿਆਂ ਦੀ ਮੈਰਿਟ ਦੇ ਆਧਾਰ ਤੇ **ਪੈਰਾ ਮੈਡੀਕਲ ਸਟਾਫ ਅਤੇ ਸਟਾਂਫ ਨਰਸਾਂ ਦੀ** ਅਸਾਮੀ ਲਈ ਅਪਲਾਈ ਕਰਨ ਵਾਲੇ ਬਿਨੈਕਾਰਾਂ ਨੂੰ ਮਿਤੀ 09-02-2022 ਤੋਂ ਮਿਤੀ 23-02-2022 ਤੱਕ ਦਸਤਾਵੇਜਾਂ ਦੀ ਪੜਤਾਲ ਲਈ ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ (ਮੈਡੀਕਲ ਸਿੱਖਿਆ ਭਵਨ) ਸੈਕਟਰ-69 ਵਿਖੇ ਬੁਲਾਇਆ ਗਿਆ ਸੀ। ਇਸ ਸਮੇਂ ਦੌਰਾਨ ਜਿਹੜੇ ਬਿਨੈਕਾਰ ਗੈਰ ਹਾਜਰ ਰਹੇ ਹਨ, ਉਹਨਾਂ ਨੂੰ ਆਪਣੇ ਦਸਤਾਵੇਜ਼ ਕਮੇਟੀ ਸਾਹਮਣੇ ਪੇਸ ਕਰਨ ਲਈ ਹੇਠ ਲਿਖਿਆਂ ਮਿਤੀਆਂ ਨੂੰ ਇਕ ਮੌਕਾ ਦਿੱਤਾ ਜਾਦਾ ਹੈ:-

1) ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਲਈ ਗੈਰ ਹਾਜਰ ਬਿਨੈਕਾਰਾਂ ਨੂੰ = ਮਿਤੀ 08-03-2022 ਸੁਵੇਰੇ 10.00 ਵਜੇ ਤੋਂ

2) ਸਟਾਂਫ ਨਰਸਾਂ ਦੀਆਂ ਅਸਾਮੀਆਂ ਲਈ ਗੈਰ ਹਾਜਰ ਬਿਨੈਕਾਰਾਂ ਨੂੰ =ਮਿਤੀ 09-03-2022 ਸੁਵੇਰੇ 10.00 ਵਜੇ ਤੋਂ

3) ਪੈਰਾ ਮੈਡੀਕਲ ਅਤੇ ਸਟਾਫ ਨਰਸਾਂ ਲਈ ਹੈਡੀਕੈਪਡ/ਦਿਵਿਆਂਗ ਕੈਟਾਗਿਰੀ ਲਈ ਗੈਰ ਹਾਜਰ ਬਿਨੈਕਾਰਾਂ ਨੂੰ =ਮਿਤੀ 10-03-2022 ਨੂੰ ਸੁਵੇਰੇ 10.00 ਵਜੇ ਤੋਂ ਮੈਡੀਕਲ ਇਗਜਾਮਿਨੇਸਨ ਲਈ ਮੈਡੀਕਲ ਬੋਰਡ ਸਾਹਮਣੇ ਪੇਸ ਹੋਣ ਲਈ

4) ਇਹਨਾਂ ਦਸਤਾਵੇਜਾਂ ਦੀ ਪੜਤਾਲ ਸਬੰਧੀ ਸਰਤਾਂ ਅਤੇ ਨਿਯਮ ਪਹਿਲਾਂ ਜਾਰੀ ਕੀਤੇ ਨੋਟਿਸ ਵਾਲੇ ਹੀ ਹੋਣਗੇ।

ਜੇਕਰ ਆਪ ਨਿਸਚਿਤ ਮਿਤੀ ਨੂੰ DOCUMENT VERIFICATION ਲਈ ਹਾਜਰ ਨਹੀ ਹੁੰਦੇ ਤਾਂ ਇਹ ਕਿਆਸ ਕਰ ਲਿਆ ਜਾਵੇਗਾ ਕਿ ਆਪ ਇਸ ਅਸਾਮੀ ਦੇ ਲਈ ਚਾਹਵਾਨ ਨਹੀ ਹੋ ਅਤੇ ਇਸ ਅਸਾਮੀ ਲਈ ਆਪ ਦੀ ਪਾਤਰਤਾ ਰੱਦ ਸਮਝੀ ਜਾਵੇਗੀ ਅਤੇ ਹੋਰ ਕੋਈ ਮੌਕਾ ਨਹੀ ਦਿੱਤਾ ਜਾਵੇਗਾ।

ਇੱਥੇ ਇਹ ਸਪਸਟ ਕੀਤਾ ਜਾਂਦਾ ਹੈ ਕਿ ਵਿਗਿਆਪਨ ਵਿਚ ਇਹ ਸਪਸਟ ਕੀਤਾ ਗਿਆ ਸੀ ਰਾਖਵੀਂ ਕੈਟਾਗਿਰੀਆਂ ਨਾਲ ਸਬੰਧਤ ਬਿਨੈਕਾਰ ਦੇ ਸਰਟੀਫਿਕੇਟ ਅਰਜੀਆਂ ਮੰਗਣ ਦੀ ਅੰਤਿਮ ਮਿਤੀ ਤੋਂ ਪਹਿਲਾਂ ਦੇ ਬਣੇ ਹੋਣੇ ਚਾਹੀਦੇ ਹਨ।ਕੁਝ ਬਿਨੈਕਾਰਾਂ ਵੱਲੋਂ ਅਰਜੀਆਂ ਮੰਗਣ ਦੀ ਅਤਿੰਮ ਮਿਤੀ (10-12-2021) ਤੋਂ ਬਾਅਦ ਦੇ ਦਸਤਾਵੇਜ ਪੇਸ ਕੀਤੇ ਗਏ ਹਨ। ਇਸ ਲਈ ਜੇਕਰ ਬਿਨੈਕਾਰਾਂ ਪਾਸ ਅਰਜੀਆਂ ਮੰਗਣ ਤੋਂ ਪਹਿਲਾਂ ਦੇ ਦਸਤਾਵੇਜ ਹਨ ਉਹ ਪੇਸ ਕਰਨ ਦਾ ਇਕ ਮੌਕਾ ਦਿੱਤਾ ਜਾਂਦਾ ਹੈ। ਅਜਿਹੇ ਬਿਨੈਕਾਰ ਮਿਤੀ 09-03-2022 ਤੱਕ ਇਸ ਦਫਤਰ ਨੂੰ ਦਸਤਾਵੇਜ ਪੇਸ ਕਰ ਸਕਦੇ ਹਨ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ